08(7) ਪ੍ਰੋਵਾਈਡਿੰਗ ਆਫ ਇਕਊਪਮੈਂਟ ਐਂਡ ਰਾਅ ਮਟੀਰੀਅਲ ਟੂ ਦਾ ਟਰੇਨੀਜ਼ ਆਫ ਟਰੇਨਿੰਗ-ਕਮ-ਪ੍ਰੋਡਕਸ਼ਨ ਸੈਂਟਰਜ਼ (ਐਸ.ਸੀ.ਏ.)

ਸਕੀਮ ਦਾ ਉਦੇਸ਼

ਟਰੇਨਿੰਗ-ਕਮ-ਪ੍ਰੋਡਕਸ਼ਨ ਕੇਂਦਰਾਂ ਦੀ ਸਕੀਮ ਸਾਲ 1977-78 ਵਿਚ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਦਾ ਮੁੱਖ ਮੰਤਵ ਵੱਖ-ਵੱਖ ਟਰੇਡਜ਼ ਜਿਵੇਂ ਰੈਡੀਮੇਡ ਗਾਰਮੈਂਟਸ, ਕੇਨਿੰਗ, ਲੈਦਰ ਗੁਡਜ਼ , ਪਲਾਸਟਿਕ ਗੁਡਜ਼, ਹੱਥ-ਖੱਡੀ ਅਤੇ ਕਾਰਪੈਟ ਮੇਕਿੰਗ ਵਿੱਚ ਪਿੰਡਾਂ ਦੀਆਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਪਰਿਵਾਰਾਂ ਦੀਆਂ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੀਆਂ ਔਰਤਾਂ, ਲੜਕੇ ਅਤੇ ਲੜਕੀਆਂ ਨੂੰ ਟਰੇਨਿੰਗ ਦੇ ਕੇ ਉਨ੍ਹਾਂ ਨੂੰ ਸਵੈ-ਰੁਜਗਾਰ ਸ਼ੁਰੂ ਕਰਨ ਦੇ ਯੋਗ ਬਣਾਇਆ ਜਾਣਾ ਹੈ ਤਾਂ ਜੋ ਉਹ ਆਰਥਿਕ ਪੱਖੋਂ ਆਤਮ ਨਿਰਭਰ ਹੋ ਸਕਣ ਅਤੇ ਉਨ੍ਹਾਂ ਦਾ ਰਹਿਣ-ਸਹਿਣ ਦਾ ਮਿਆਰ ਠੀਕ ਹੋ ਸਕੇ।

ਟਰੇਨਿੰਗ-ਕਮ-ਪ੍ਰੋਡਕਸ਼ਨ ਕੇਂਦਰਾਂ ਦੀ ਸਕੀਮ ਅਧੀਨ ਮੌਜੂਦਾ ਟਰੇਡ ਵਾਈਜ਼ ਚੱਲ ਰਹੇ ਸੈਂਟਰਾਂ ਦਾ ਵੇਰਵਾ ਹੇਠ ਅਨੁਸਾਰ ਹੈ:-

| ਲ.ਨੰ. | ਟਰੇਡ | ਪ੍ਰਵਾਨਤ ਕੇਂਦਰਾਂ ਦੀ ਗਿਣਤੀ | ਵਰਕਿੰਗ ਕੇਂਦਰਾਂ ਦੀ ਗਿਣਤੀ |
|---|---|---|---|
| 1 | ਰੇਡੀਮੇਡ ਗਾਰਮੈਂਟਸ | 10 | 07 |
| 2 | ਹੱਥ ਖੱਡੀ | 5 | 03 |
| 3 | ਲੈਦਰ ਗੁਡਜ਼ | 4 | 04 |
| 4 | ਕੇਨਿੰਗ | 3 | 02 |
| 5 | ਪਲਾਸਟਿਕ ਗੁਡਜ਼ | 1 | 01 |
| 6 | ਕਾਰਪੈਟ ਮੇਕਿੰਗ | 1 | 01 |
| | ਕੁਲ | 24 | 18 |

ਸਟਾਫ

ਕੇਂਦਰਾਂ ਵਿੱਚ ਸਿਖਲਾਈ ਦੇਣ ਲਈ ਹਰ ਇੱਕ ਸੈਂਟਰ ਵਿੱਚ ਸਬੰਧਤ ਟਰੇਡ ਦਾ ਇੱਕ ਇੰਸਟਰੱਕਟਰ ਹੁੰਦਾ ਹੈ। ਸਬੰਧਤ ਟਰੇਡ ਵਿੱਚ ਸਿਖਿਆਰਥੀਆਂ ਨੂੰ ਇੱਕ ਸਾਲ ਦੀ ਟਰੇਨਿੰਗ ਦਿੱਤੀ ਜਾਦੀ ਹੈ ।

ਮੌਜੂਦਾ ਨਾਰਮਜ਼

ਸਾਲ 1994-05 ਤੋਂ ਇਹ ਸਕੀਮ ਵਿਸੇਸ਼ ਕੇਂਦਰੀ ਸਹਾਇਤਾ ਨਾਲ ਚਲਾਈ ਜਾ ਰਹੀ ਹੈ। ਸਕੀਮ ਅਧੀਨ ਹਰੇਕ ਕੇਂਦਰ ਦੇ ਇੱਕ ਸਾਲ ਦੀ ਟਰੇਨਿੰਗ ਪ੍ਰਾਪਤ ਕਰਨ ਵਾਲੇ 25-25 ਅਨੁਸੂਚਿਤ ਜਾਤੀ ਦੇ ਬੀ.ਪੀ.ਐਲ. ਸਿਖਿਾਰਥੀਆਂ ਨੂੰ 500/-ਰੁਪਏ ਪ੍ਰਤੀ ਮਹੀਨਾ ਪ੍ਰਤੀ ਸਿਖਿਆਰਥੀ ਇੱਕ ਸਾਲ ਦਾ ਵਜੀਫਾ ਦੇਣ ਦੀ ਵਿਵਸਥਾ ਹੈ।

ਹਰੇਕ ਟਰੇਡ ਵਿੱਚ ਕੇਂਦਰਾਂ ਵਿੱਚ ਸਿਖਿਆਰਥੀਆਂ ਨੂੰ ਸਿਖਲਾਈ ਦੇਣ ਲਈ ਕੱਪੜਾ,ਸਿਲਾਈ ਮਟੀਰੀਅਲ ਅਤੇ ਸਬੰਧਤ ਟਰੇਡ ਦੀ ਟਰੇਨਿੰਗ ਦੇਣ ਲਈ ਹੋਰ ਲੋੜੀਂਦਾ ਜੋ ਸਮਾਨ ਦਿੱਤਾ ਜਾਂਦਾ ਹੈ, ਸਿਖਿਆਰਥੀਆਂ ਦੁਆਰਾ ਇਸ ਮਟੀਰੀਅਲ ਤੋਂ ਟਰੇਡ ਨਾਲ ਸਬੰਧਤ ਵਸਤੂਆਂ ਤਿਆਰ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਵੱਲੋਂ ਤਿਆਰ ਕੀਤੇ ਗਏ ਸਮਾਨ/ਆਈਟਮਾਂ ਦੀ ਮਾਰਕੀਟਿੰਗ ਵੀ ਕੀਤੀ ਜਾਂਦੀ ਹੈ ਅਤੇ ਪਿੰਡਾਂ ਅਤੇ ਜਿਲ੍ਹਾ ਪੱਧਰ ਤੇ ਨੁਮਾਇਸ਼ ਲਗਾ ਕੇ ਤਿਆਰ ਕੀਤੀਆਂ ਗਈਆਂ ਵਸਤੂਆਂ ਨੂੰ ਘੱਟੋ-ਘੱਟ 10% ਮੁਨਾਫੇ ਤੇ ਵੇਚਿਆ ਜਾਂਦਾ ਹੈ। ਸੈਂਟਰਾਂ ਵਿੱਚ ਤਿਆਰ

ਕੀਤੀਆਂ  ਗਈਆਂ ਆਈਟਮਾਂ ਨੂੰ ਵੇਚਣ ਉਪਰੰਤ ਹੋਈ ਆਮਦਨ ਨਾਲ ਦੁਬਾਰਾ ਕੇਂਦਰਾਂ ਵਿੱਚ ਲੋੜੀਂਦਾ ਮਟੀਰੀਅਲ ਖਰੀਦਿਆ ਜਾਂਦਾ ਹੈ। ਇਸ ਤਰ੍ਹਾਂ ਟਰੇਨਿੰਗ-ਕਮ-ਪ੍ਰੋਡਕਸਨ ਕੇਂਦਰਾਂ ਦੀ ਸਕੀਮ ਅਧੀਨ ਚੱਲ ਰਹੇ ਟਰੇਨਿੰਗ ਸੈਂਟਰਾਂ ਦੀ ਫੰਕਸ਼ਨਿੰਗ ਲਈ ਰਿਵਾਲਵਿੰਗ ਫੰਡ ਹਮੇਸ਼ਾ ਉਪਲਭੱਧ ਰਹਿੰਦੇ ਹਨ।

ਟਰੇਨਿੰਗ ਪ੍ਰਾਪਤ ਕਰਨ ਉਪਰੰਤ ਬਹੁਤ ਸਾਰੇ ਸਿਖਿਆਰਥੀ ਆਪਣਾ ਕੰਮ ਧੰਦਾ ਆਪਣੇ ਪਿੰਡਾਂ ਵਿੱਚ ਹੀ ਸ਼ੁਰੂ ਕਰ ਲੈਂਦੇ ਹਨ, ਜਿਸ ਨਾਲ ਉਨ੍ਹਾਂ ਦੀ ਆਮਦਨੀ ਵਿੱਚ ਵਾਧਾ ਹੁੰਦਾ ਹੈ ਅਤੇ ਰੋਜਮਰਾ ਦੇ ਖਰਚਿਆਂ ਲਈ ਉਨ੍ਹਾਂ ਨੂੰ ਕਿਸੇ ਕੋਲੋਂ ਉਧਾਰ ਲੈਣ ਦੀ ਲੋੜ ਨਹੀਂ ਪੈਂਦੀ, ਜਿਸ ਕਾਰਨ ਉਨ੍ਹਾਂ ਦੀ ਆਰਥਿਕ ਸਥਿਤੀ ਠੀਕ ਹੋ ਜਾਂਦੀ ਹੈ, ਜਿਸ ਨਾਲ ਉਨ੍ਹਾਂ ਨੂੰ ਸਨਮਾਨਜਨਕ ਜਿੰਦਗੀ ਜੀਣ ਦੇ ਮੌਕੇ ਪ੍ਰਾਪਤ ਹੁੰਦੇ ਹਨ।